# (ਦੀਬਾਚਾ)

ਪੰਜਾਬ ਦੀ ਜ਼ਿੰਦਗੀ ਵਿੱਚ ਆਰਟ ਤੇ ਸ਼ਾਇਰੀ ਕੁੱਟ-ਕੁੱਟ ਕੇ ਭਰੇ ਹੋਏ ਨੇ। ਪੰਜਾਬ ਦੇ ਬੱਚੇ, ਪੰਜਾਬ ਦੇ ਮੁੰਡੇ, ਪੰਜਾਬ ਦੀਆਂ ਕੁੜੀਆਂ, ਪੰਜਾਬ ਦੀਆਂ ਮਾਂਵਾਂ ਆਪਣੇ ਦਿਲ ਦੀਆਂ ਗੱਲਾਂ ਨੂੰ ਸਾਦੀ ਤੇ ਜ਼ੋਰਦਾਰ ਪੰਜਾਬੀ ਕਵਿਤਾ ਵਿੱਚ ਬਿਆਨ ਕਰਨ 'ਚ ਉਸਤਾਦ ਨੇ।

ਤੁਸੀਂ ਕਿਸੇ ਬੱਚੇ ਨੂੰ, ਜਿਹੜਾ ਕਿ ਅਜੇ ਟੂੰ-ਟਾਂ ਕਰਨਾ ਮੁਸ਼ਕਿਲ ਨਾਲ ਸਿੱਖਿਆ ਹੈ, ਕਹਿ ਦਿਓ ਕਿ ਕਾਕਾ ਕੋਈ ਚਿੜੀ-ਕਾਂ ਦੀ ਬਾਤ ਸੁਣਾ, ਉਹ ਤੋਤਲੀ ਜ਼ੁਬਾਨ ਨਾਲ ਝੱਟ ਬੋਲ ਪਵੇਗਾ :

ਚੀਂ-ਚੀਂ ਮੇਰਾ ਪੂੰਝਾ ਸੜਿਆ,
ਕਿਉਂ ਪਰਾਇਆ ਖਿੱਚੜ ਖਾਧਾ।
ਜਾਂ
ਖਾਹ ਚਿੜੀ ਦੇ ਚੋਚਲੇ ਮੈਂ ਕਾਗ ਮਰੋੜਾਂ
ਜਾਂ
ਕਾਂ ਗੁਲੇਲਾ ਸੁੱਟੇ ਨਾ,
ਚਿੜੀ ਵਿਚਾਰੀ ਕੀ ਕਰੇ
ਠੰਡਾ ਪਾਣੀ ਪੀ ਮਰੇ
ਜਾਂ
ਵਾ ਬਗੀ ਉੱਡ ਜਾਣਗੇ
ਲੱਕ ਟੁਣੂ-ਟੁਣੂ

ਇਹ ਬਾਤਾਂ ਸ਼ਾਇਰੀ ਦੇ ਪਹਿਲੇ ਸਬਕ ਨੇ, ਜਿਹੜੇ ਪੰਜਾਬੀ ਮਾਂਵਾਂ ਆਪਣੇ ਪੁੱਤਰਾਂ ਨੂੰ ਸਿਖਾਉਂਦੀਆਂ ਨੇ। ਮਾਂਵਾਂ ਬੱਚਿਆਂ ਦਾ ਮੂੰਹ ਧੋਣ ਲਗਿਆਂ ਤੇ ਅੱਖਾਂ ਵਿੱਚੋਂ ਗਿੱਦ ਲਾਹੁਣ ਲੱਗਿਆਂ ਵੀ ਕਹਿੰਦੀਆਂ ਨੇ 'ਅਚੀ-ਬਚੀ ਕੋਕੋ ਖਾਏ, ਘਿਓ ਦੀ ਚੂਰੀ ਕਾਕਾ ਖਾਏ।'

ਛੋਟੀਆਂ-ਛੋਟੀਆਂ ਬਾਲੜੀਆਂ ਨੂੰ ਗੇਂਦ ਨਾਲ ਖੇਡਦਿਆਂ ਦੇਖੋ ਤੇ ਸੁਣੋ ਕਿ ਉਹ ਮੂੰਹੋਂ ਕੀ ਕਹਿੰਦੀਆਂ ਨੇ :

ਤਿੰਨ ਤੀਰ ਖੇਡਣ ਵੀਰ
ਹੱਥ ਕਮਾਨ ਮੋਢੇ ਤੀਰ
ਢਾਲ ਵਾਲਾ ਮੇਰਾ ਵੀਰ
ਤਲਵਾਰ ਵਾਲਾ ਮੇਰਾ ਵੀਰ

ਜੁੱਤੀ ਵਾਲਾ ਤੇਰਾ ਵੀਰ
ਕੁੱਤੀ ਵਾਲਾ ਤੇਰਾ ਵੀਰ
ਜਾਂ
ਈਣੀ ਈਣੀ ਈਣੀ
ਤੇਰੀ ਲੱਸੀ ਨਹੀਉਂ ਪੀਣੀ
ਤੇਰਾ ਮੱਖਣ ਨਹੀਉਂ ਖਾਣਾ
ਜਾਂ
ਦੋ ਦੜਕਾ ਪਿਆ ਪੜਕਾ
ਮਹਾਰਾਣੀ ਘਰ ਹੋਇਆ ਨਿਕਾਹ
ਪਿਓ ਰਾਜੇ ਨੂੰ ਦਿਓ ਵਧਾਈ
ਸੇਰ ਸੱਕਰ ਮੈਨੂੰ ਆਈ
ਮੈਂ ਕੁੜੀਆਂ ਦੇ ਬੋਝੇ ਪਾਈ
ਕੁੜੀਆਂ ਸਾਰੇ ਪਿੰਡ ਧਮਾਈ
ਪਿੰਡ ਦੀ ਸੋਭਾ ਮੈਨੂੰ ਆਈ

ਤੁਸੀਂ ਆਪ ਗ਼ੌਰ ਕਰੋ ਕਿ ਇਸ ਮਾਸੂਮ ਉਮਰ ਵਿੱਚ ਬਾਲੜੀਆਂ ਵਾਸਤੇ ਇਨ੍ਹਾਂ ਨਾਲੋਂ ਸੁਖਾਲੇ ਮਜ਼ਮੂਨ ਤੇ ਸਮਝ ਵਾਲੇ ਗੀਤ ਹੋਰ ਕੀ ਹੋ ਸਕਦੇ ਨੇ।

ਛੋਟੀ ਉਮਰ ਦੇ ਮੁੰਡੇ ਵੀ ਗੱਲ-ਗੱਲ ਵਿੱਚ ਕਵਿਤਾ ਦਾ ਸਵਾਦ ਲੈਂਦੇ ਨੇ। ਜੇ ਉਹ ਖੇਡਾਂ ਖੇਡਣਗੇ ਤਾਂ ਵੀ ਮੂੰਹੋਂ ਕਹਿਣਗੇ :

ਚੀਚੋ ਚੀਚ ਕਚੋਲੀਆਂ
ਘੁਮਿਆਰਾਂ ਦਾ ਘਰ ਕਿੱਥੇ ਜੇ
ਈਚਕਣਾ ਪਰਮੀਚਕਣਾ
ਮਮੋਲੀ ਘੋੜੀ ਚੜ੍ਹ ਯਾਰੋ
ਭੰਡਾ ਭੰਡਾਰੀਆ ਕਿਤਨਾ ਕੁ ਭਾਰ
ਇੱਕ ਮੁੱਠੀ ਚੁੱਕ ਲੈ ਦੂਜੀ ਤਿਆਰ
ਲੁਕ-ਛਿਪ ਜਾਣਾ ਮਕਈ ਦਾ ਦਾਣਾ
ਰਾਜੇ ਦੀ ਬੇਟੀ ਆਈ ਜੇ
ਜਾਂ
ਕੋਟਲਾ ਛਪਾਕੀ ਜੁਮੇਰਾਤ ਆਈ ਜੇ

ਜਦੋਂ ਕਦੇ ਮੁੰਡੇ ਲੋਹੜੀ ਮੰਗਦੇ ਹੋਣ ਤਾਂ ਉਨ੍ਹਾਂ ਦੀਆਂ ਸੁਰਾਂ ਸੁਣ ਕੇ ਸ਼ੱਕ ਪੈ ਜਾਂਦਾ ਏ ਕਿ ਜਿਹੜੀਆਂ ਛੋਟੇ ਬਹਿਰਾਂ ਦੀਆਂ ਨਜ਼ਮਾਂ ਅੱਜ-ਕੱਲ੍ਹ ਦੇ ਉਰਦੂ ਜ਼ਬਾਨ ਦੇ ਸ਼ਾਇਰਾਂ ਦਾ ਨਵਾਂ ਪੋਚ ਲਿਖ ਰਿਹਾ ਏ, ਉਹ ਜ਼ਰੂਰ ਇਨ੍ਹਾਂ ਮੁੰਡਿਆਂ ਦੀਆ ਲੋਹੜੀ ਮੰਗਣ ਦੀਆਂ ਬੋਲੀਆਂ ਤੋਂ ਨਕਲ ਕੀਤੀਆਂ ਗਈਆਂ ਹਨ :

ਹੀਰਨੀ ਓ ਹੀਰਨੀ
ਹੀਰਨੀ ਛੱਡੀਆਂ ਲੰਮੀਆਂ
ਮੀਂਹ ਵਰ੍ਹਿਆ ਤੇ ਕਣਕਾਂ ਜੰਮੀਆਂ
ਕਣਕਾਂ ਵਿੱਚ ਬਟੇਰੇ
ਦੋ ਸਾਧੂ ਦੇ ਦੋ ਮੇਰੇ
ਜਾਂ
ਦੇ ਮਾਈ ਗੋਹਾ
ਤੇਰਾ ਪੁੱਤਰ ਲੋਹਾ
ਦੇ ਮਾਈ ਪਾਥੀ
ਤੇਰਾ ਪੁੱਤਰ ਹਾਥੀ
ਜਾਂ
ਪਾ ਨੀ ਮਾਈ ਪਾ
ਕਾਲੇ ਕੁੱਤੇ ਨੂੰ ਵੀ ਪਾ
ਕਾਲਾ ਕੁੱਤਾ ਦਏ ਦੁਆਵਾਂ
ਤੇਰੀਆਂ ਜੀਵਣ ਮੱਝੀਆਂ ਗਾਵਾਂ

ਗੱਲ ਕੀ, ਪੰਜਾਬੀ ਲੜਕੇ-ਲੜਕੀਆਂ ਹੋਸ਼ ਸੰਭਾਲਣ ਤੋਂ ਪਹਿਲਾਂ ਹੀ ਸ਼ਾਇਰੀ ਦੀ ਮਸ਼ਕ ਕਰਨ ਲੱਗ ਪੈਂਦੇ ਨੇ। ਕੁੜੀਆਂ ਦਾ ਗਿੱਧਾ ਅਜੀਬ ਖੇਡਾਂ ਨੇ। ਇਸ ਤਰ੍ਹਾਂ ਦੀਆਂ ਖੇਡਾਂ ਤੇ ਕਿੱਕਲੀ ਵੀ ਤੁਹਾਨੂੰ ਕਿਸੇ ਹੋਰ ਦੇਸ ਵਿੱਚ ਘੱਟ ਮਿਲਣਗੀਆਂ। ਵਰਜ਼ਿਸ਼ ਦੀ ਵਰਜ਼ਿਸ਼, ਨਾਚ ਦਾ ਨਾਚ, ਗੀਤ ਦਾ ਗੀਤ, ਪੂਰਾ ਸਵਾਦ ਤਾਂ ਹੀ ਆਉਂਦਾ ਏ ਜੇ ਕਦੀ ਗਿੱਧਾ ਪੈਂਦਿਆ ਦੇਖਿਆ ਜਾਏ। ਲਫ਼ਜ਼ਾਂ ਦੀ ਆਵਾਜ਼, ਪੈਰਾਂ ਦੀਆਂ ਹਰਕਤਾਂ, ਝਾਂਜਰਾਂ ਦੀ ਛਣਕ, ਹੱਥਾਂ ਦੀ ਤਾਲ,- ਸਾਰੀਆਂ ਗੱਲਾਂ ਇਕ ਐਸੇ ਢੰਗ ਨਾਲ ਕੀਤੀਆਂ ਜਾਂਦੀਆਂ ਨੇ ਕਿ ਆਦਮੀ ਬੜਾ ਹੈਰਾਨ ਹੋ ਜਾਂਦਾ ਏ। ਪੈਰਾਂ ਦੀ ਅੱਡੀ ਛਣਕਦੀ ਏ, ਹੱਥਾਂ ਨਾਲ ਤਾੜੀ ਵਜਦੀ ਤੇ ਮੂੰਹੋਂ ਆਵਾਜ਼ ਆਉਂਦੀ ਏ :

ਸੱਸ ਸਹੁਰੇ ਸਾਨੂੰ ਵੱਖ ਕਰ ਛਡਿਆ
ਸਾਨੂੰ ਦਿੱਤੀ ਲੋਈ

ਮੈਂ ਆਪੇ ਗੱਲ ਕਰਲਾਂਗੀ
ਤੇਰੇ ਵਿੱਚ ਅਕਲ ਨਾ ਕੋਈ
ਅੱਧ ਮਣ ਛੋਲੇ ਲਏ ਉਧਾਰੇ
ਅੱਧ ਮਣ ਲਿੱਤੇ ਮੋਠ
ਮਾਹੀ ਮੇਰਾ ਨਿੱਕਾ ਜਿਹਾ
ਪਤਲੇ ਪਤਲੇ ਹੋਠ
ਮਾਹੀ ਮੇਰਾ ਨਿੱਕਾ ਜਿਹਾ

ਇਸੇ ਤਰ੍ਹਾਂ ਕੁੜੀਆਂ ਪੀਂਘ ਚੜ੍ਹਾਉਂਦੀਆਂ ਨੇ, ਤਾਂ ਵੀ ਗਾਉਂਦੀਆਂ ਨੇ :

ਉੱਚੀ ਡਿਉੜੀ ਇੱਟ ਨਾ ਧਰੀਏ
ਧੀ ਨਾ ਦਈਏ ਦੂਰ ਨੀ ਚੌਮਾਸਾ ਸਾਵਣ ਆ ਗਿਆ
ਇੱਟ ਗਿਰੇਗੀ ਚੋਟ ਲੱਗੇਗੀ
ਧੀ ਮਰੇਗੀ ਦੂਰ ਨੀ ਚੌਮਾਸਾ ਸਾਵਣ ਆ ਗਿਆ
ਚੁਲ੍ਹੇ, ਅਗੇ ਸੱਸ ਬੁਰੀ ਨੀ
ਗਿਣ ਗਿਣ ਪੇੜੇ ਦਿੰਦੀ ਚੌਮਾਸਾ ਸਾਵਣ ਆ ਗਿਆ
ਛੋਟਾ ਦੇਵਰ ਲਾਡਲਾ ਨੀ
ਟਿੱਕੀ ਖੋਹ ਕੇ ਲੈ ਗਿਆ
ਚੌਮਾਸਾ ਸਾਵਣ ਆ ਗਿਆ
ਇੱਕ ਪੇੜੇ ਦੇ ਦੋ ਕਰਾਂ ਨੀ
ਜਿੰਦੜੀਆਂ ਗਾਲੀਆਂ ਨਾਲ ਸੋਹਵਾਂ
ਚੌਮਾਸਾ ਸਾਵਣ ਆ ਗਿਆ।

ਖ਼ੂਬੀ ਖ਼ਾਸ ਇਹ ਵੇ ਕਿ ਇੱਕ ਸਿਰੇ ਪੀਂਘ ਦਾ ਹੁਲਾਰਾ ਖ਼ਤਮ ਹੋਇਆ ਤੇ ਉੱਧਰ ਬੋਲੀ ਵੀ ਖ਼ਤਮ ਹੋ ਜਾਂਦੀ ਏ। ਗੱਲ ਕੀ, ਪੰਜਾਬ ਦੀਆਂ ਦੇਵੀਆਂ ਦੀ ਜ਼ਿੰਦਗੀ ਬਚਪਨ ਤੋਂ ਲੈ ਕੇ ਬੁਢਾਪੇ ਤਕ ਗਾਉਂਦਿਆਂ ਹੀ ਲੰਘਦੀ ਏ— ਰੀਤਾਂ ਦੇ ਗੀਤ, ਜੰਮਣ ਦੇ ਗੀਤ, ਬੱਚੇ ਦਾ ਮੂੰਹ ਧੋਣ ਦੇ ਗੀਤ, ਬੱਚੇ ਨੂੰ ਨਹਿਲਾਉਣ ਦੇ ਗੀਤ (ਹਰ ਨਹਾਈ ਹਰ ਧੋਈ ਹਰ ਠੰਡੇ ਪਾਣੀਆਂ) ਰੋਂਦੇ ਨੂੰ ਚੁੱਪ ਕਰਾਣ ਦੇ ਗੀਤ, ਗੇਂਦ ਖੇਡਣ ਦੇ ਗੀਤ, ਲੁਕਣ ਮੀਚੀ ਖੇਡਣ ਦੇ ਗੀਤ, ਪੀਂਘਾਂ ਦੇ ਗੀਤ, ਮੰਗਣੀ ਦੇ ਗੀਤ, ਵਿਆਹ ਦੇ ਗੀਤ, ਸੱਸਾਂ ਨਾਲ ਲੜਨ ਦੇ ਗੀਤ, ਵਿਛੋੜੇ ਦੇ ਗੀਤ, ਮੁਹੱਬਤ ਦੇ ਗੀਤ, ਭੈਣਾਂ-ਭਰਾਵਾਂ ਦੇ ਗੀਤ, ਮਾਵਾਂ-ਪੁੱਤਰਾਂ ਦੇ ਗੀਤ, ਚਰਖ਼ੇ ਦੇ ਗੀਤ। ਇੱਥੋਂ ਤਕ ਕਿ ਪੰਜਾਬੀ ਦੇਵੀਆਂ ਜਦ ਮਾਤਮ

ਕਰਨਗੀਆਂ ਤਾਂ ਸਿਆਪੇ ਦੀਆਂ ਅਲਾਹੁਣੀਆਂ ਵੀ ਸ਼ਾਇਰੀ ਵਿੱਚ ਦੇਣਗੀਆਂ। ਹੱਥਾਂ ਨਾਲ ਪਿੱਟਣਗੀਆਂ ਤੇ ਮੂੰਹੋਂ ਕਹਿਣਗੀਆਂ :

ਹਾਏ ਵੇ ਝਨਾਂ ਦਿਆ ਲਾੜਿਆ
ਹਾਏ ਵੇ ਝਨਾਂ ਦਿਆ ਲਾੜਿਆ

ਮੇਰਾ ਇਹ ਗੱਲ ਤਸ਼ਰੀਹ ਨਾਲ ਦਸਣ ਦਾ ਮਤਲਬ ਇਹ ਵੇ ਕਿ ਪੰਜਾਬੀ ਦੇਵੀਆਂ ਦੇ ਸਾਰੀਆਂ ਕਿਸਮਾਂ ਦੇ ਗੀਤ ਲਿਖਣੇ ਬਹੁਤ ਮੁਸ਼ਕਿਲ ਹਨ। ਇਸ ਕੰਮ ਵਾਸਤੇ ਹਜ਼ਾਰਾਂ ਸਫ਼ੇ ਚਾਹੀਦੇ ਹਨ। ਕੁਝ ਨਮੂਨੇ ਦੇ ਤੌਰ 'ਤੇ ਢੋਲਕੀ 'ਤੇ ਗਾਉਣ ਵਾਲੇ ਗੀਤ ਤੇ ਲੰਮੇ ਗੀਤ ਤੇ ਕੁਝ ਹੋਰ ਗੀਤ ਇਕੱਠੇ ਕਰ ਕੇ ਭੈਣਾਂ ਤੇ ਭਰਾਵਾਂ ਦੀ ਨਜ਼ਰ ਕੀਤੇ ਜਾਂਦੇ ਹਨ। ਜੇ ਤੁਸਾਂ ਪਸੰਦ ਕੀਤੇ ਤਾਂ ਹੌਲੀ-ਹੌਲੀ ਬਾਕੀ ਦੇ ਛਾਪ ਦਿੱਤੇ ਜਾਣਗੇ। ਜ਼ਖ਼ੀਰਾ ਮੇਰੇ ਪਾਸ ਬਹੁਤ ਸਾਰਾ ਹੈ।

ਗੀਤ ਜਿਹੜੇ ਇਸ ਕਿਤਾਬ ਵਿੱਚ ਛਾਪੇ ਜਾਂਦੇ ਨੇ, ਉਹ ਜ਼ਿਆਦਾਤਰ ਪੰਜਾਬ ਦਿਆਂ ਵਿਚਲਿਆਂ ਜ਼ਿਲ੍ਹਿਆਂ ਵਿੱਚ ਜਾਣੀ ਲਾਹੌਰ, ਅੰਮ੍ਰਿਤਸਰ, ਗੁੱਜਰਾਂਵਾਲਾ, ਸਿਆਲਕੋਟ, ਗੁਜਰਾਤ ਦੀ ਜ਼ਬਾਨ ਵਿੱਚ ਨੇ। ਸਿਰਫ਼ ਵੰਨਗੀ ਦੇ ਤੌਰ 'ਤੇ ਦੋ-ਚਾਰ ਪਹਾੜੀ ਗੀਤ ਤੇ ਲਹਿੰਦੀ ਤੇ ਪੋਠੋਹਾਰੀ ਜ਼ਬਾਨ ਦੇ ਗੀਤ ਦਰਜ ਕੀਤੇ ਗਏ ਹਨ।

ਵਿਚਲਿਆਂ ਜ਼ਿਲ੍ਹਿਆਂ ਦੇ ਗੀਤਾਂ ਵਿਚੋਂ ਵੀ ਮੈਂ ਸਿਰਫ਼ ਉਹ ਲਿਖੇ ਨੇ, ਜਿਹੜੇ ਕਿ ਮੈਨੂੰ ਦੇਵੀਆਂ ਦੇ ਦਿਲੋਂ ਨਿਕਲੇ ਮਾਲੂਮ ਹੁੰਦੇ ਨੇ। ਬਾਕੀ ਗੀਤ ਜਿਨ੍ਹਾਂ ਦੀ ਬਨਾਵਟ ਵਿਚੋਂ ਮਰਦਾਵੇਂ ਦਿਮਾਗ਼ ਦੀ ਲਿਸ਼ਕ ਨਜ਼ਰ ਆਉਂਦੀ ਏ, ਮੈਂ ਦਰਜ ਨਹੀਂ ਕੀਤੇ, ਭਾਵੇਂ ਉਹ ਕਿਤਨੇ ਹੀ ਸੋਹਣੇ ਤੇ ਮਨ ਲੁਭਾਉਣੇ ਨੇ। ਮਿਸਾਲ ਦੇ ਤੌਰ 'ਤੇ :

ਖੇਡਣ ਦੇ ਦਿਨ ਚਾਰ
ਮੁੜ ਨਹੀਂ ਆਉਣਾ
ਵਤਨ ਪੀਆ ਦੇ
ਖੇਡ ਖਡੇਂਦਿਆਂ ਸ਼ਾਮਾਂ ਪਈਆਂ
ਵਿੱਸਰ ਗਿਆ ਘਰ-ਬਾਰ
ਮੁੜ ਨਹੀਂ ਆਉਣਾ
ਜੇ ਮਾਏ ਮੇਰਾ ਕੱਤਿਆ ਲੋੜੇਂ
ਭੱਠ ਪਈਆਂ ਪੂਣੀਆਂ
ਭਠ ਪਏ ਗੋਹੜੇ
ਤਕਲੇ ਨੂੰ ਵਲ ਚਾਰ
ਡੋਲ਼ੀ ਪਾ ਕੇ ਲੈ ਗਏ ਖੇੜੇ
ਮੁੱਢ ਕਦੀਮੀ ਦੁਸ਼ਮਣ ਮੇਰੇ

ਲਗੜੇ ਨੀ ਚਾਰ ਕਹਾਰ
ਚੋਲੀ ਚੁੰਨਰੀ ਮੇਰੇ ਮਾਪਿਆਂ ਦਿੱਤੀ
ਜੋਬਨ ਦਿੱਤਾ ਕਰਤਾਰ
ਮੁੜ ਨਹੀਂ ਆਉਣਾ
ਜਾਂ
ਭਾਵੇਂ ਬੋਲ ਨਾ ਬੋਲ
ਅੱਖੀਆਂ ਦੇ ਸਾਹਮਣੇ
ਵਸ ਮੀਆਂ ਰਾਂਝਾ
ਇਸ਼ਕ ਛੁਪਾਇਆਂ ਛੁਪਦਾ ਨਹੀਓਂ
ਸ਼ਹਿਰੀਂ ਵੱਜ ਗਏ ਨੀ ਢੋਲ ਨੀ
ਅੱਖੀਆਂ ਦੇ ਸਾਹਮਣੇ
ਜਾਂ
ਜੋਗੀ ਦੇ ਨੈਣਾਂ ਨੇ ਫੱਟੀਆਂ
ਜ਼ਖ਼ਮਾਂ 'ਤੇ ਬੰਨ੍ਹੀਆਂ ਪੱਟੀਆਂ
ਜੇ ਮੁੱਖ ਮੋੜਾਂ ਰਾਝਣ ਕੋਲੋਂ
ਦੋਜ਼ਖ਼ ਜਾਂਵਾਂਗੀ ਸੱਟੀਆਂ
ਰਾਂਝਣ ਦੇ ਸਿਰ ਸੱਤ ਰੰਗਿਆ ਚੀਰਾ
ਹੀਰ ਗੁੰਦਾਈਆਂ ਨੇ ਪੱਟੀਆਂ
ਰਾਂਝਾ ਤਖ਼ਤ ਹਜ਼ਾਰਿਓਂ ਆਇਆ
ਮੈਂ ਝੰਗ ਸਿਆਲੇ ਦੀ ਜੱਟੀ ਆਂ
ਜਾਂ
ਉੱਡ ਗਈ ਉੱਡ ਗਈ ਉੱਡ ਗਈ
ਉਹ ਜਿੰਦੜੀ ਉੱਡ ਗਈ ਨਾਲ ਪੁੰਨੂੰ ਦੇ
ਜਾਂ
ਸੋਹਣੀ ਦੀਵੇ ਖ਼ਿਜਰ ਦੇ ਬਾਲਦੀ
ਕਿਵੇਂ ਸ਼ਕਲ ਵੇਖਾਂ ਮਹੀਂਵਾਲ ਦੀ
ਕੋਈ ਜਾਓ ਸਹੀਓ ਨੀ ਰਾਂਝੇ ਨੂੰ ਲਿਆਓ ਮੋੜ ਕੇ

ਜਾਂ

ਲਾ ਕੇ ਯਾਰੀ ਲੁੱਟ ਖੜ੍ਹਿਆ

ਦਿਲ ਮੇਰਾ ਡਾਚੀ ਵਾਲਿਆ

ਜਾਂ

ਇਸ਼ਕ ਤੇਰੇ ਨੇ ਕਮਲੀਏ ਹੀਰੇ

ਜੱਗ ਵਿੱਚ ਮੈਨੂੰ ਖ਼ੁਆਰ ਕੀਤਾ

ਜਾਂ

ਚਿੱਠੀਏ ਦਰਦ ਫ਼ਰਾਕ ਵਾਲੀਏ

ਮੇਰਾ ਲੈ ਜਾ ਸੁਨੇਹੜਾ ਸੋਹਣੇ ਯਾਰ ਦਾ

ਜਾਂ

ਪ੍ਰੇਮ ਨਗਰ ਦੀਆਂ ਕੁੜੀਆਂ

ਤਾਹਨੇ ਮਾਰਦੀਆਂ

ਇਨ੍ਹਾਂ ਤੇ ਇਸ ਕਿਸਮ ਦੇ ਹੋਰ ਗੀਤਾਂ ਨੂੰ ਮਰਦਾਂ ਦੇ ਹੱਥ ਲੱਗੇ ਹੋਏ ਸਾਫ਼ ਮਾਲੂਮ ਹੁੰਦੇ ਨੇ। ਇੱਕ ਅਨੋਖੀ ਲਟਕ ’ਤੇ ਨਜ਼ਾਕਤ ਜਿਹੜੀ ਦੇਵੀਆਂ ਦੇ ਗੀਤਾਂ ਵਿੱਚ ਏ, ਉਹ ਇਨ੍ਹਾਂ ਗੀਤਾਂ ਵਿੱਚ ਨਜ਼ਰ ਨਹੀਂ ਪੈਂਦੀ। ਇਹ ਗੀਤ ਬੀਬੀਆਂ ਵੀ ਕਦੇ-ਕਦੇ ਬੋਲ ਲੈਂਦੀਆਂ ਨੇ ਪਰ ਮੈਂ ਇਨ੍ਹਾਂ ਗੀਤਾਂ ਨੂੰ ਬੀਬੀਆਂ ਦੇ ਬਣਾਏ ਹੋਏ ਨਹੀਂ ਮੰਨਦਾ। ਇਸ ਵਾਸਤੇ ਮੈਂ ਇਸ ਕਿਤਾਬ ਵਿੱਚ ਇਸ ਕਿਸਮ ਦੇ ਗੀਤਾਂ ਨੂੰ ਨਹੀਂ ਛਾਪਦਾ। ਇਹ ਗੀਤ ਅੱਡ ਛਾਪੇ ਜਾਣੇ ਚਾਹੀਦੇ ਨੇ।

## (3)

ਇਨ੍ਹਾਂ ਗੀਤਾਂ ਵਿੱਚ ਪੰਜਾਬ ਦੀਆਂ ਬੀਬੀਆਂ ਦੀ ਜ਼ਿੰਦਗੀ ਦੇ ਅੱਡੋ-ਅੱਡਰੇ ਨਕਸ਼ਿਆਂ ਨੂੰ ਲਫ਼ਜ਼ਾਂ ਵਿੱਚ ਖਿੱਚਿਆ ਗਿਆ ਹੈ। ਭੈਣ-ਭਰਾ ਦਾ ਪ੍ਰੇਮ, ਮਾਵਾਂ-ਧੀਆਂ ਦੀ ਮੁਹਬਤ, ਮਾਵਾਂ-ਪੁੱਤਰਾਂ ਦੇ ਲਾਡ, ਵਹੁਟੀ ਗਭਰੂ ਦਾ ਪ੍ਰੇਮ, ਵਹੁਟੀ ਗਭਰੂ ਦੇ ਝਗੜੇ, ਸੱਸ-ਨੂੰਹ ਦੇ ਝਗੜੇ, ਪਤੀ ਦਾ ਵਿਛੋੜਾ, ਪਤੀ ਦਾ ਬਹੁਤ ਦੇਰ ਪਿਛੋਂ ਮਿਲਣਾ,- ਇਹ ਸਭ ਗੱਲਾਂ ਬਹੁਤ ਸੋਹਣੇ ਤੇ ਸਾਦੇ ਗੀਤਾਂ ਵਿੱਚ ਦੱਸੀਆਂ ਗਈਆਂ ਹਨ।

ਇਹ ਗੀਤ ਕਿਸੇ ਮੰਨੇ-ਪ੍ਰਮੰਨੇ ਸ਼ਾਇਰ ਦੇ ਬਣਾਏ ਹੋਏ ਨਹੀਂ। ਇਹ ਦੇਵੀਆਂ ਦੇ ਆਪਣੇ ਹੀ ਬਣਾਏ ਹੋਏ ਹਨ। ਇਹ ਵੀ ਪਤਾ ਨਹੀਂ ਲੱਗ ਸਕਦਾ ਕਿ ਇਹ ਗੀਤ ਕਿਤਨੇ ਚਿਰ ਦੇ ਬਣੇ ਹੋਏ ਹਨ। ਸਿਰਫ਼ ਜ਼ਬਾਨ ਦੇ ਤਰੀਕੇ ਤੋਂ ਹੀ ਕਿਆਸ ਕਰੀਦਾ ਏ ਕਿ ਫਲਾਣਾ ਗੀਤ ਪੁਰਾਣਾ ਏ ਤੇ ਫਲਾਣਾ ਅੱਜ-ਕੱਲ੍ਹ ਦਾ ਬਣਿਆ ਹੋਇਆ ਏ। ਇਹ ਗੀਤ ਉਸ ਬਾਗ਼ ਵਾਂਗੂ ਨਹੀਂ, ਜਿਹੜਾ ਕਿ ਕਿਸੇ ਸੁਘੜ ਮਾਲੀ ਨੇ ਬੜੀਆਂ ਮਿਹਨਤਾਂ

ਨਾਲ ਕਿਆਰੀਆਂ ਵੰਡ ਕੇ ਗੁਲਦਸਤੇ ਚੁਣ ਕੇ ਲਗਾਇਆ ਹੋਵੇ। ਇਹ ਉਸ ਜੰਗਲ ਦੇ ਫੁੱਲਾਂ ਵਾਂਗ ਨੇ, ਜਿਨ੍ਹਾਂ ਦੀ ਤਰਤੀਬ, ਰੰਗ, ਖ਼ੁਸ਼ਬੂ ਤੇ ਵੰਡ ਕੁਦਰਤ ਨੇ ਆਪ ਕੀਤੀ ਹੁੰਦੀਏ। ਇਹ ਦਿਲ ਦੇ ਜਜ਼ਬਿਆਂ ਦੀਆਂ, ਮਨ ਦੀਆਂ ਤਰੰਗਾਂ ਦੀਆਂ, ਮੁਹੱਬਤ ਦੀਆਂ ਉਹ ਰਸਭਿੰਨੀਆਂ ਤਸਵੀਰਾਂ ਨੇ, ਜਿਹੜੀਆਂ ਹਰੇਕ ਦੇ ਮਨ 'ਤੇ ਇੱਕ ਅਜੀਬ ਅਸਰ ਕਰ ਜਾਂਦੀਆਂ ਨੇ। ਇਨ੍ਹਾਂ ਗੀਤਾਂ ਵਿੱਚ ਦੇਵੀਆਂ ਨੇ ਆਪਣੇ ਦਿਲਾਂ ਦੇ ਉਬਾਲ ਜਿਸ ਤਰ੍ਹਾਂ ਅੰਦਰੋਂ ਕੱਢੇ, ਉਸੇ ਤਰ੍ਹਾਂ ਤੁਹਾਡੇ ਸਾਹਮਣੇ ਰੱਖ ਦਿੱਤੇ ਹਨ। ਕੋਈ ਠੋਕਾ ਠਾਕੀ ਜਾਂ ਵੱਧ-ਘੱਟ ਨਹੀਂ ਕੀਤਾ। ਮਿਸਾਲ ਦੇ ਤੌਰ 'ਤੇ; ਇੱਕ ਬੀਬੀ ਦਾ ਪਤੀ ਪਲਟਣ ਵਿੱਚ ਨੌਕਰ ਏ ਕਈ ਵਰ੍ਹੇ ਹੋ ਗਏ ਉਹ ਨਹੀਂ ਆਇਆ। ਬੀਬੀ ਨੇ ਚੰਦ ਕਢਾਏ ਨੇ, ਦਿਲ ਵਿੱਚ ਉਬਾਲ ਉੱਠਦਾ ਏ ਕਿ ਹਾਏ ਮੇਰਾ ਸਾਈਂ ਜੇ ਹੋਵੇ ਤਾਂ ਮੇਰਾ ਗਹਿਣਾ ਪਹਿਨਣਾ ਸਫ਼ਲ ਹੋਵੇ। ਝੱਟ ਮੂੰਹੋਂ ਇਹ ਗੀਤ ਬੋਲ ਦਿੰਦੀ ਏ :

ਚੰਦ ਕਢਾ ਕੇ ਚੜ੍ਹੀ ਆਂ ਚੁਬਾਰੇ
ਵੇਖਾਂ ਚਹੁੰ ਕੂੰਟੀ ਜਾਨੀ ਨਜ਼ਰ ਨਾ ਆਵੇ
ਮੇਰਾ ਸਬਰ ਫ਼ਰੰਗੀਏ ਨੂੰ ਮਾਰੇ
ਨਾ ਦਿੰਦਾ ਛੁੱਟੀਆਂ ਨਾ ਤਲਬਾਂ ਤਾਰੇ
ਨੌਕਰ ਰੱਖ ਲੈ ਛੜੇ ਤੇ ਕੁਆਰੇ
ਨਾ ਹੋਣ ਰੰਨਾਂ ਨਾ ਪੈਣ ਪੁਆੜੇ

ਇਸ ਤਰ੍ਹਾਂ ਬਹੁਤ ਸਾਰੇ ਗੀਤ ਦਿਲ ਦੇ ਭਾਵਾਂ ਦੀਆਂ ਅਣਰੰਗੀਆਂ ਤਸਵੀਰਾਂ ਨੇ।

(4)

ਇਨ੍ਹਾਂ ਗੀਤਾਂ ਵਿੱਚ ਚੰਗੀ ਕਿਸਮ ਦੀ ਕਵਿਤਾ ਦੇ ਜਜ਼ਬੇ ਵੀ ਬਹੁਤ ਜਗ੍ਹਾ ਦਿੱਤੇ ਗਏ ਨੇ। ਪੁੱਤਰਾਂ ਦੀ ਮੁਹੱਬਤ ਦੇ ਬਾਰੇ ਵਿੱਚ ਕਿਹਾ ਏ :

ਛੱਲਾ ਨੌਂ ਨੌਂ ਥੇਵੇ
ਪੁੱਤਰ ਮਿਠੜੇ ਮੇਵੇ
ਜਿਨ੍ਹਾਂ ਨੂੰ ਰੱਬ ਦੇਵੇ

ਮੁਹੱਬਤ ਤੇ ਪ੍ਰੇਮ ਕਰਨ ਦਾ ਬਹੁਤ ਹੀ ਆਸਾਨ ਤੇ ਮੁਖ਼ਤਸਰ ਨੁਸਖ਼ਾ ਲਿਖਿਆ ਏ :

ਪੁੱਛਾਂ ਗੁਆਂਢਣਾਂ ਨੂੰ ਸਈਓ
ਨਿਹੁੰ ਕੀਕੂੰ ਲਾਈਦਾ ਢੋਲਾ
ਪਹਿਲੋਂ ਅੱਖੀਆਂ ਮਾਹੀ ਵੇ
ਫੇਰ ਰਲ ਮਿਲ ਜਾਈਦਾ ਢੋਲਾ

ਸਾਵਣ ਮਹੀਨੇ ਦੀ ਵਰਖਾ ਹੋ ਰਹੀ ਏ। ਦੇਵੀ ਇਹ ਗੱਲ ਨਹੀਂ ਚਾਹੁੰਦੀ ਕਿ ਉਸ ਦਾ ਪਤੀ ਪ੍ਰਦੇਸ ਜਾਵੇ। ਕਹਿੰਦੀ ਏ :

ਮੈਂ ਤੈਨੂੰ ਆਖਦੀ ਮੇਰੇ ਅੰਤ ਪਿਆਰੇ
ਸਾਵਣ ਪੰਧ ਨਾ ਪਈਏ ਵੇ
ਸਾਵਣ ਮਾਹ ਦੀਆਂ ਪੈਣ ਫ਼ੁਆਰਾਂ
ਬੱਦਲਾਂ ਰਿਮਝਿਮ ਲਾਈ ਏ
ਘੋੜਾ ਵੀ ਭਿੱਜਿਆ, ਕਾਠੀ ਵੀ ਭਿੱਜ ਗਈ
ਹੋਰ ਭਿੱਜੀ ਮੇਰੇ ਪਤਲੇ ਦੀ ਖੂੰਡੀ

ਆਪ ਆਪਣੇ ਕੋਠੇ 'ਤੇ ਬਾਰੀ ਵਿੱਚ ਬੈਠੀ ਏ। ਦਿਲ ਦਾ ਮਾਲਕ ਹੇਠੋਂ ਦੀ ਘੋੜੇ 'ਤੇ ਸਵਾਰ ਹੋ ਕੇ ਲੰਘਿਆ ਜਾਂਦਾ ਏ।ਚਾਹੁੰਦੀ ਏ ਕਿ ਉਹ ਘੋੜਾ ਹੌਲੀ ਕਰ ਲਵੇ ਤੇ ਦੋ ਗੱਲਾਂ ਕਰਦਾ ਜਾਏ। ਕਹਿੰਦੀ ਏ :

ਨੀਲੇ ਘੋੜੇ ਵਾਲਿਆ ਘੋੜਾ ਸਹਿਜ ਦੁੜਾ
ਉੱਡਿਆਂ ਧਮਕ ਪਵੇ ਮੇਰੇ ਮਹਿਲਾਂ ਨੂੰ
ਤੇ ਕਜਲੇ ਪਈ ਏ ਰਵਾਲ

ਮਾਂ ਧੀ ਨੂੰ ਕਹਿੰਦੀ ਏ ਕਿ ਬੇਟੀ ਜਿਤਨਾ ਚਿਰ ਤੇਰਾ ਪਤੀ ਆਇਆ ਨਹੀਂ, ਤੂੰ ਸਮਝੀਂ ਕਿ ਉਹ ਕਿਤੇ ਪ੍ਰਦੇਸ ਗਿਆ ਹੋਇਆ ਏ। ਧੀ ਅੱਗੇ ਹੀ ਭਰੀ ਬੈਠੀ ਏ। ਕਹਿੰਦੀ ਏ :

ਕਿਤਨਾ ਕੁ ਚਿਰ ਮਾਏ ਵਾਂਢੇ ਤੇ ਟੀਂਡੇ
ਕਿਤਨਾ ਕੁ ਚਿਰ ਰਹਾਂ ਅੰਞਾਣੀ
ਮਾਏ ਇਹ ਜੋਬਨ ਮੇਰਾ ਐਵੇਂ ਢਲ ਜਾਣਾ
ਜਿਵੇਂ ਦਰਿਆਵਾਂ ਦਾ ਪਾਣੀ

ਆਪਣੇ ਮਾਹੀ ਨੂੰ ਚਿੱਠੀ ਲਿਖਣੀ ਏ, ਡਾਹਢੇ ਮਿੱਠੇ ਸਾਦੇ ਢੰਗ ਨਾਲ ਆਪਣੇ ਦਿਲ ਦੇ ਭਾਵਾਂ ਨੂੰ ਇਸ ਤਰ੍ਹਾਂ ਦੱਸਦੀ ਏ :

ਦਿਲ ਦਾ ਟੁਕੜਾ ਮੈਂ ਕਾਗ਼ਜ਼ ਬਣਾਵਾਂ
ਨੈਣਾਂ ਦੇ ਕਜਲੇ ਦੀ ਸਿਆਹੀ
ਹੱਥ ਦੀ ਉਂਗਲੀ ਦੀ ਕਲਮ ਬਣਾਵਾਂ
ਰੋ ਰੋ ਹੰਝੂਆਂ ਦਾ ਪਾਣੀ

ਆਪਣੇ ਮਾਹੀ ਦੀ ਚਿੱਠੀ ਆਈ ਏ ਤੇ ਬੜੇ ਸ਼ੌਕ ਨਾਲ ਵਾਚਣ ਲੱਗੀ, ਝੱਟ ਅੱਥਰੂ ਵਗਣ ਲੱਗ ਪਏ। ਉਸ ਵੇਲੇ ਕਹਿੰਦੀ ਏ :

ਮਾਹੀ ਦੀ ਚੀਰੀ ਮੈਂ ਵਾਚਣ ਲੱਗੀ
ਨੈਣਾਂ ਪਾਈ ਏ ਗੁਬਾਰੀ

ਨਾ ਢਕੋ ਨਾ ਢਕੋਲਿਉਂ ਨੈਣੋਂ
ਚਿੱਠੀ ਤੇ ਵਾਚਾਂ ਮੈਂ ਸਾਰੀ

ਵਾਲਾਂ ਨੂੰ ਕਾਲੀਆਂ ਸਿਆਹੀਆਂ ਨਾਲ ਤਸ਼ਬੀਹ ਦੇਣਾ ਪੰਜਾਬੀ ਦੇਵੀਆਂ ਦਾ ਹੀ ਕੰਮ ਏ :

ਮਾਏ ਨੀ ਸੁਣ ਮੇਰੀਏ ਮਾਏ
ਨਾ ਪਾ ਮੈਨੂੰ ਬੁੰਦੇ ਨੀ
ਵਾਲ ਗੋਰੀ ਦੇ ਬਿਸੀਅਰ ਕਾਲ਼ੇ
ਡਰਦੀ ਮਾਂ ਵੀ ਨਾ ਗੁੰਦੇ ਨੀ
ਮੇਰੀਆਂ ਦੁਖਣ ਕੰਨਾਂ ਦੀਆਂ ਵਾਲੀਆਂ

ਪਤੀ ਪ੍ਰਦੇਸ ਗਿਆ ਤੇ ਕਹਿੰਦੀ ਏ :

ਢੋਲ ਪੱਕੀਆਂ ਨਾਖਾਂ
ਮੈਂ ਤੈਨੂੰ ਕੀ ਆਖਾਂ

ਸਾਰਿਆਂ ਗੀਤਾਂ ਵਿੱਚ ਕੋਈ ਨਾ ਕੋਈ ਛਣਕ, ਕੋਈ ਨਾ ਕੋਈ ਚਾਲ ਐਸਾ ਅਨੋਖਾ ਏ ਕਿ ਦਿਲ 'ਤੇ ਅਸਰ ਕਰ ਜਾਂਦਾ ਏ। ਪੰਜਾਬੀ ਦੇਵੀ ਦੀ ਬਿਆਨ ਕਰਨ ਦੀ ਤਰਜ਼ ਵੀ ਅਲੱਗ ਏ। ਉਸ ਤਰਜ਼ ਨੂੰ ਬਿਆਨ ਕਰਨਾ ਬਹੁਤ ਔਖਾ ਕੰਮ ਏ। ਗੀਤਾਂ ਦੀ ਖ਼ੂਬੀ ਬਿਆਨ ਹੀ ਨਹੀਂ ਹੋ ਸਕਦੀ, ਜਦੋਂ ਤਕ ਉਨ੍ਹਾਂ ਨੂੰ ਸਾਰਾ ਪੜ੍ਹਿਆ-ਗਾਹਿਆ ਨਾ ਜਾਵੇ। ਇਹ ਸ਼ਾਇਰੀ ਦਿਮਾਗ਼ ਨੂੰ ਭਰਮਾਉਣ ਵਾਲੀ ਨਹੀਂ ਬਲਕਿ ਦਿਲ 'ਤੇ ਠੋਕਰ ਲਾਉਣ ਵਾਲੀ ਏ। ਲਫ਼ਜ਼ ਲਫ਼ਜ਼ ਵਿੱਚ ਨਜ਼ਾਕਤ, ਸ਼ਰਮੀਲਾਪਨ ਤੇ ਮੁਹੱਬਤ ਦੇ ਖ਼ਿਆਲ ਭਰੇ ਹੋਏ ਨੇ।

## (5)

ਇਨ੍ਹਾਂ ਗੀਤਾਂ ਦੇ ਪੜ੍ਹਨ ਨਾਲ ਉਨ੍ਹਾਂ ਭਰਾਵਾਂ ਨੂੰ ਬੜੀ ਮਦਦ ਮਿਲੇਗੀ, ਜਿਹੜੇ ਕਿ ਪੰਜਾਬੀ ਜ਼ਬਾਨ ਦੀ ਛੰਦਾ-ਬੰਦੀ ਜਾਂ ਕਵਿਤਾ ਦੀ ਬਨਾਵਟ ਦੇ ਇਲਮ ਨੂੰ ਪੜ੍ਹਨਾ ਚਾਹੁੰਦੇ ਨੇ। ਛੋਟੇ ਮੀਟਰ ਦੇ ਬੋਲ ਪੰਜਾਬੀ ਗੀਤਾਂ ਵਿੱਚ ਬੜੇ ਸੁੰਦਰ ਨੇ :

ਢੋਲ ਜਾਨੀ
ਸਾਡੀ ਗਲੀ ਆ
ਤੇਰੀ ਮਿਹਰਬਾਨੀ
ਜਾਂ
ਜੁੱਤੀ ਬਣਾਤੀ ਮਾਹੀ ਵੇ
ਕਿਉਂ ਤੁਰਿਓਂ ਰਾਤੀਂ ਢੋਲਾ

ਜਾਂ
ਛੱਲਾ ਪਿਆ ਬਨੇਰੇ
ਵੱਸ ਨਹੀਉਂ ਮੇਰੇ
ਵੱਸ ਮੇਰੀ ਮਾਂ ਦੇ
ਘੱਲੇਗੀ ਤਾਂ ਜਾਂਗੇ
ਜਾਂ
ਢੋਲ ਮੇਰਾ ਹਾਣੀ
ਦੋ ਘੁੱਟ ਦੇ ਪਾਣੀ

ਇਸ ਨਾਲੋਂ ਜ਼ਰਾ ਲੰਮੇ ਮੀਟਰ ਵੀ ਹਨ :

ਆਖ ਰਹੀ ਮੈਂ ਤੇਲੀ ਨੂੰ
ਰੂੰ ਪਿੰਜਦੇ ਅਰਵੇਲੀ ਨੂੰ
ਲੈ ਦੇ ਮਾਏ ਕਾਲ਼ਿਆਂ ਬਾਗ਼ਾਂ ਦੀ ਮਹਿੰਦੀ
ਘੋਲ ਮਹਿੰਦੀ ਮੈਂ ਹੱਥਾਂ ’ਤੇ ਲਾਨੀ ਆਂ
ਵਹੁਟੜੀ ਬਣ ਬਣ ਬਹਿੰਦੀ
ਜਾਂ
ਬਾਗ਼ ਮੇਰੇ ਵਿੱਚ ਅੰਬ ਦਾ ਬੂਟਾ
ਹੁਸਨ ਜਵਾਨੀ ਕੋਈ ਦਮ ਦਾ ਝੂਟਾ
ਜਾਂ
ਪਿੱਪਲ ਦਿਆ ਪੱਤਿਆ ਵੇ
ਕੇਹੀ ਖੜ ਖੜ ਲਾਈ ਆ
ਪੱਤ ਝੜ ਪਏ ਪੁਰਾਣੇ
ਰੁੱਤ ਨਵਿਆਂ ਦੀ ਆਈ ਆ
ਜਾਂ
ਨਿੱਕਾ ਕੱਤਦੀ ਸਾਂ ਖੇਸਾਂ ਤੇਰਿਆਂ ਨੂੰ
ਕਿੱਥੋਂ ਜੰਮ ਪਿਉਂ ਵੇ ਲੇਖਾਂ ਮੇਰਿਆਂ ਨੂੰ
ਜਾਂ
ਕਿਸੇ ਦਾ ਢੋਲ ਨਾ ਪ੍ਰਦੇਸ ਜਾਵੇ
ਵਿਛੋੜਾ ਵੈਰੀਆਂ ਦੇ ਪੇਸ਼ ਆਵੇ

ਲੰਮੇ ਮੀਟਰ (ਬਹਿਰ) ਵੀ ਬਹੁਤ ਸੋਹਣੇ ਇਨ੍ਹਾਂ ਗੀਤਾਂ ਵਿੱਚ ਹਨ :

ਬਾਗ਼ ਲਵਾਨੀ ਆਂ ਬਗ਼ੀਚੇ ਲਵਾਨੀ ਆਂ
ਵਿੱਚ ਲਵਾਨੀ ਆਂ ਮੈਂ ਤੋਰੀਆਂ ਵੇ
ਨਿੱਕਾ ਜਿਹਾ ਮੁੰਡਾ ਸਾਨੂੰ ਅੱਖੀਆਂ ਮਾਰੇ
ਨਿਹੁੰ ਨਾ ਲਗਦਾ ਜੋਰੀਆਂ ਵੇ

ਜਾਂ

ਕੀ ਤੂੰ ਪਾਵੇਂ ਹਾਰ ਹਮੇਲਾਂ
ਕੀ ਤੂੰ ਪਾਵੇਂ ਨੱਥ ਚੂੜਾ
ਜਿਸ ਰੰਝੇਟੇ ਦਾ ਮਾਣ ਕਰੇਂ ਤੂੰ
ਹੱਥ ਖੂੰਡੀ ਮੋਢੇ ਭੂਰਾ

ਡਾਹਢੇ ਪੂਰੇ ਕਾਫ਼ੀਏ ਵਾਲੇ ਵਾਕ ਵੀ ਇਨ੍ਹਾਂ ਗੀਤਾਂ ਵਿੱਚ ਤੁਹਾਨੂੰ ਮਿਲਣਗੇ :

ਆਖ ਰਹੀ ਲਲਾਰੀ ਨੂੰ
ਦੇ ਡੋਬਾ ਫੁਲਕਾਰੀ ਨੂੰ

ਜਾਂ

ਹੋਵਾਂ ਮੈਨਾ ਉੱਕਾਂ ਰੱਸੀਆਂ
ਨਾ ਤੁਸਾਂ ਪੁੱਛੀਆਂ
ਨਾ ਅਸਾਂ ਦੱਸੀਆਂ

ਬਿਲਕੁਲ ਬਗ਼ੈਰ ਕਾਫ਼ੀਏ ਦੇ ਵਾਕ ਅਰਥਾਤ ਬਲੈਂਕ ਵਰਸ ਦੇ ਇੱਕ-ਦੋ ਨਮੂਨੇ ਦਿੱਤੇ ਗਏ ਨੇ :

ਸਿਰ ਗੁੰਦ ਤੂੰ ਕੁਪੱਤੀਏ ਨੈਣੇ
ਨੀ ਉੱਤੇ ਪਾ ਦੇ ਡਾਕ ਬੰਗਲਾ
ਤੈਨੂੰ ਸਖੀਆਂ ਮਿਲਣ ਵੀ ਨਾ ਆਈਆਂ
ਕਿੱਕਰਾਂ ਨੂੰ ਪਾ ਲੈ ਜੱਫੀਆਂ

ਜਾਂ

ਉੱਠ ਪਈ ਨੀ ਮੇਰੇ ਦਰਦ ਕਲੇਜੇ
ਭੇਜ ਦਿਉ ਨੀ ਚਿੱਠੀ ਮੇਰੇ ਮਾਹੀ ਨੂੰ

ਕਾਫ਼ੀਆ ਤੇ ਬਲੈਂਕ ਵਰਸ ਮਿਲਿਆ-ਜੁਲਿਆ ਹੋਇਆ ਵੀ ਕਈ ਗੀਤਾਂ ਵਿੱਚ ਦਿਖਾਇਆ ਗਿਆ ਹੈ; ਜਿਸ ਤਰ੍ਹਾਂ :

ਭੰਨੀ ਭੰਨੀ ਮੈਂ ਲਲਾਰੀ ਹੱਟੀ ਜਾਂਦੀ ਆਂ
ਮਾਹੀ ਦਾ ਸਾਫ਼ਾ ਰੰਗਿਓ ਨਾ
ਅਸਾਂ ਮਾਹੀ ਦੀ ਲੋੜ ਕੋਈ ਨਾ
ਅਸਾਂ ਜੋ ਪੇਕੇ ਜਾਣਾ ਏ
ਜਾਣਾ ਏ ਮੁੜ ਆਉਣਾ ਨਹੀਂ
ਸੱਸ ਝਿੜਕੇ ਸਾਨੂੰ ਸਹੁਰਾ ਮਾਰੇ
ਦਿਓਰ ਹਰਾਮੀ ਅੱਖੀਆਂ ਮਾਰੇ
ਚੀਰੇ ਵਾਲੇ ਨੂੰ ਗੱਲ ਵੀ ਨਾ ਆਵੇ
ਗੱਲ ਕਰੇਂਦਾ ਅਈ ਅਈ ਅਈ
ਇਸੇ ਗੱਲੇ ਵੇ ਮੈਂ ਸੜ ਬਲ ਗਈ

ਕਈ ਗੀਤਾਂ ਵਿੱਚ ਕਿਤੇ ਬਲੈਂਕ ਵਰਸ ਕਿਤੇ ਕਾਫ਼ੀਆ ਕਿਤੇ ਛੋਟੀ ਬਹਿਰ ਕਿਤੇ ਵੱਡੀ ਬਹਿਰ ਸਭ ਮਿਲਾ ਜੁਲਾ ਕੇ ਇਸ ਤਰ੍ਹਾਂ ਦਾ ਨਵਾਂ ਸਵਾਦ ਪੈਦਾ ਕਰ ਦਿੱਤਾ ਜਾਂਦਾ ਏ ਕਿ ਅਕਲ ਹੈਰਾਨ ਰਹਿ ਜਾਂਦੀ ਏ ਤੇ ਖ਼ਾਹਮਖ਼ਾਹ ਸ਼ਾਇਰੀ ਦੀ ਦਾਦ ਦੇਣੀ ਪੈਂਦੀ ਏ; ਜਿਸ ਤਰ੍ਹਾਂ ਇਸ ਗੀਤ ਵਿੱਚ ਏ :

ਕਿੱਕਰੀ ਹੇਠ ਖਲੋਤੜੀਏ
ਕਿਉਂ ਹੋਈ ਏਂ ਦਿਲਗੀਰ ਕੁੜੀਏ
ਕੀਕਰ ਬੋਲਾਂ ਵੇ ਮਾਹੀ
ਕੰਨਾਂ ਤੋਂ ਮੈਂ ਬੁੱਚੀ ਆਂ
ਬਾਲੇ ਘੜਾਵਾਂ ਤੇਰੇ ਕੰਨੀਂ ਪਾਵਾਂ
ਸੇਜ ਵਿਛਾਵਾਂ ਘੁੱਟ ਗਲ਼ ਲਾਵਾਂ
ਹੁਣ ਕਿਉਂ ਜਾਨੀ ਏ ਨੱਠ ਕੁੜੀਏ
ਕੋਠਾ ਕਿਉਂ ਜਾਨੀ ਏ ਟੱਪ ਕੁੜੀਏ
ਨਜ਼ਰ ਮਾਹੀ ਵੱਲ ਰੱਖ ਕੁੜੀਏ
ਨੈਣ ਤੇਰੇ ਨੇ ਤੀਰ ਕੁੜੀਏ
ਕਿਉਂ ਹੋਈ ਏਂ ਦਿਲਗੀਰ ਕੁੜੀਏ
ਕਿੱਕਰੀ ਹੇਠ ਖਲੋਤੜੀਏ

ਮਤਲਬ ਇਹ ਵੇ ਕਿ ਇਨ੍ਹਾਂ ਗੀਤਾਂ ਦੇ ਪੜ੍ਹਨ ਨਾਲ ਪੜ੍ਹਨ ਵਾਲਿਆਂ ਨੂੰ ਕਈ ਨਵੀਆਂ ਤਰਜ਼ਾਂ, ਨਵੀਆਂ ਬੰਦਸ਼ਾਂ ਤੇ ਨਵੇਂ-ਨਵੇਂ ਮੀਟਰਾਂ ਦਾ ਗਿਆਨ ਹੋਵੇਗਾ ਤੇ ਤਾਂ

ਉਨ੍ਹਾਂ ਨੂੰ ਪਤਾ ਲੱਗੇਗਾ ਕਿ ਪੰਜਾਬੀ ਜ਼ਬਾਨ ਕੋਈ ਭੁੱਖੀ-ਨੰਗੀ ਜ਼ਬਾਨ ਨਹੀਂ, ਜਿਹਨੂੰ ਦੂਜੀਆਂ ਜ਼ਬਾਨਾਂ ਦੀਆਂ ਤਰਜ਼ਾਂ ਨਕਲ ਕਰਨ ਦੀ ਲੋੜ ਹੋਵੇ। ਪੰਜਾਬੀ ਜ਼ਬਾਨ ਵਿੱਚ ਸਭ ਕੁਝ ਮੌਜੂਦ ਏ, ਸਿਰਫ਼ ਖੋਜ ਕਰਨ ਦੀ ਲੋੜ ਏ।

## (6)

ਗੀਤਾਂ ਦੇ ਮਜ਼ਮੂਨ ਬੜੇ ਸਾਦੇ ਨੇ। ਜ਼ਬਾਨ ਵੀ ਬੜੀ ਸਾਦੀ ਤੇ ਸੁਖਾਲੀ ਤੇ ਆਮ ਤੌਰ 'ਤੇ ਭਾਵ ਵੀ ਬੜੇ ਸਿੱਧੇ ਨੇ। ਏਸੇ ਵਾਸਤੇ ਮੈਂ ਇਨ੍ਹਾਂ ਦੀ ਤਸ਼ਰੀਹ ਕਰਨ ਦੀ ਜ਼ਰੂਰਤ ਨਹੀਂ ਸਮਝੀ। ਬਾਕੀ ਰਹੀ ਇਹ ਗਲ ਕਿ ਇਹ ਗੀਤ ਗਾਏ ਕਿਸ ਤਰ੍ਹਾਂ ਜਾਂਦੇ ਨੇ। ਸੋ ਇਹ ਗੱਲ ਲਿਖਣ ਵਿੱਚ ਆਉਣੀ ਮੁਸ਼ਕਿਲ ਏ। ਗੀਤ ਆਮ ਮਸ਼ਹੂਰ ਨੇ। ਕਿਸੇ ਦੇਵੀ ਨੂੰ ਕਹੋ ਉਹ ਤੁਹਾਨੂੰ ਇਨ੍ਹਾਂ ਦੇ ਗਾਏ ਜਾਣ ਦੀ ਤਰਜ਼ ਦੱਸ ਸਕਦੀ ਏ। ਇਨ੍ਹਾਂ ਦੀਆਂ ਸੁਰਾਂ ਵਾਕਿਆ ਹੀ ਬੜੀਆਂ ਮਨ ਨੂੰ ਲੁਭਾਉਣ ਵਾਲੀਆਂ ਨੇ।

## (7)

ਇਹ ਗੀਤ ਮੈਂ ਕਿਸ ਤਰ੍ਹਾਂ ਇਕੱਠੇ ਕੀਤੇ ਤੇ ਕਿਥੋਂ ਇਕੱਠੇ ਕੀਤੇ, ਇਹ ਬੜੀ ਲੰਬੀ ਕਹਾਣੀ ਏ। ਦਸ-ਗਿਆਰਾਂ ਸਾਲ ਤੋਂ ਮੈਂ ਇਹ ਇਕੱਠੇ ਕਰ ਰਿਹਾ ਹਾਂ। ਸਿਰਫ਼ ਗੀਤ ਲਿਖਣ ਵਾਸਤੇ ਮੈਂ ਕਈ ਪਿੰਡਾਂ ਵਿੱਚ ਗਿਆ, ਵਿਆਹ-ਸ਼ਾਦੀਆਂ ਵਿੱਚ ਸ਼ਾਮਲ ਹੋਇਆ। ਕਈ ਦੇਵੀਆਂ ਦੇ ਮਿੰਨਤ-ਤਰਲੇ ਕਰਨੇ ਪਏ।ਬੜੀ ਮਿਹਨਤ ਤੇ ਮੁਸ਼ਕਿਲ ਨਾਲ ਮੈਂ ਡੇਢ ਹਜ਼ਾਰ ਦੇ ਕਰੀਬ ਗੀਤਾਂ ਦਾ ਜ਼ਖ਼ੀਰਾ ਇਕੱਠਾ ਕੀਤਾ ਏ। ਗੀਤ ਇਕੱਠੇ ਕਰਨ ਵਿੱਚ ਜੋ ਮਸ਼ਕਿਲ ਪੈਂਦੀ ਏ, ਉਹ ਤੁਹਾਨੂੰ ਤਾਂ ਹੀ ਪਤਾ ਲੱਗ ਸਕਦੀ ਏ ਜੋ ਕਦੇ ਤੁਸੀਂ ਦਸ-ਪੰਦਰਾਂ ਗੀਤ ਇਕੱਠੇ ਕਰ ਕੇ ਦੇਖੋ। ਪੜ੍ਹੀਆਂ-ਲਿਖੀਆਂ ਭੈਣਾਂ ਨੂੰ ਤਾਂ ਗੀਤ ਆਉਂਦੇ ਹੀ ਨਹੀਂ। ਅਨਪੜ ਭੈਣਾਂ ਸ਼ਰਮ ਦੇ ਮਾਰੇ ਤੁਹਾਡੇ ਸਾਹਮਣੇ ਬੋਲਣਗੀਆਂ ਹੀ ਨਹੀਂ। ਜੇ ਉਹ ਬੋਲਣਾ ਸ਼ੁਰੂ ਕਰ ਦੇਣ ਤੇ ਝੱਟ ਭੁੱਲ ਜਾਣਗੀਆਂ। ਗੱਲ ਕੀ, ਇਹ ਗੀਤ ਅਨਪੜ੍ਹ ਭੈਣਾਂ ਦੀ ਯਾਦ ਵਿੱਚ ਉਦੋਂ ਹੀ ਉਤਰਦੇ ਨੇ ਜਦੋਂ ਉਹ ਦੋ-ਚਾਰ ਇਕੱਠੀਆਂ ਹੋ ਕੇ ਸੁਰ ਨਾਲ ਗਾਉਣਾ ਸ਼ੁਰੂ ਕਰਨ ਤੇ ਜਦੋਂ ਉਹ ਗਾ ਰਹੀਆਂ ਹੋਣ ਤਾਂ ਉਸ ਵੇਲੇ ਲਿਖਣਾ ਔਖਾ ਹੁੰਦਾ ਏ। ਜੇ ਭੈਣਾਂ-ਭਰਾਵਾਂ ਨੇ ਮੇਰੀ ਮਿਹਨਤ ਦੀ ਕਦਰ ਕੀਤੀ ਤਾਂ ਮੈਂ ਇਸ ਸਿਲਸਿਲੇ ਦੀਆਂ ਦੋ-ਚਾਰ ਹੋਰ ਕਿਤਾਬਾਂ ਵੀ ਪੇਸ਼ ਕਰਾਂਗਾ।

ਰਾਮ ਸਰਨ ਪੰਡਿਤ
ਬੀ.ਏ., ਐੱਲ.ਐੱਲ.ਬੀ.,
ਐਡਵੋਕੇਟ ਲਾਹੌਰ।